



ਸਮਾਗਮ ਦੌਰਾਨ ਡਾ. ਗੁਰਪ੍ਰੀਤ ਕੌਰ ਨੂੰ ਪੁਰਸਕਾਰ 2024 ਨਾਲ ਸਨਮਾਨਿਤ ਕਰਦੇ ਹੋਏ ਪ੍ਰਬੰਧਕ। ਪੰਜਾਬੀ ਜਾਗਰਣ

# ਡਾ. ਗੁਰਪ੍ਰੀਤ ਕੌਰ ਦਾ ਪੁਰਸਕਾਰ ਨਾਲ ਸਨਮਾਨ

ਸੁਰਿੰਦਰ ਸਿੰਘ ਸੋਨੀ/ ਸੁੱਖੂ • ਪੰਜਾਬੀ ਜਾਗਰਣ

- **ਪੁਆਧੀ ਪੰਜਾਬੀ ਸੱਥ ਨੇ ਅਕਾਦਮਿਕ ਗਤੀਵਿਧੀਆਂ ਲਈ ਸਨਮਾਨਿਤ**
- **ਉਨ੍ਹਾਂ ਦੇ 70 ਦੇ ਲਗਪਗ ਖੋਜ ਨਿਬੰਧ ਵੀ ਹੋਏ ਹਨ ਪ੍ਰਕਾਸ਼ਿਤ**

**ਸ੍ਰੀ ਅਨੰਦਪੁਰ ਸਾਹਿਬ** : ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਤੇ ਸਹਾਇਕ ਪ੍ਰੋਫ਼ੈਸਰ ਡਾ. ਗੁਰਪ੍ਰੀਤ ਕੌਰ ਨੂੰ ਉਨ੍ਹਾ ਦੀਆ ਅਕਾਦਮਿਕ, ਸੱਭਿਆਚਾਰਕ ਤੇ ਸਮਾਜਿਕ ਗਤੀਵਿਧੀਆ ਸਦਕਾ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਵਰਨਣਯੋਗ ਹੈ ਕਿ ਡਾ. ਗੁਰਪ੍ਰੀਤ ਕੌਰ ਮੁਹਾਲੀ ਜ਼ਿਲ੍ਹੇ 'ਚ ਪੈਂਦੇ ਪਿੰਡ ਬਜੀਦਪੁਰ ਦੀ ਜੰਮਪਲ ਹੈ, ਜੋ ਕਿ ਵਿਆਹ ਤੋਂ ਬਾਅਦ ਰੋਪੜ ਵਿਖੇ ਰਹਿ ਰਹੇ ਹਨ। ਉਨ੍ਹਾ ਮੁੱਢਲੀ ਸਿੱਖਿਆ ਤੋਂ ਬਾਅਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 'ਪੰਜਾਬੀ ਕਲੀ ਦਾ ਲੋਕਧਾਰਕ ਅਧਿਐਨ' ਵਿਸ਼ੇ 'ਤੇ ਪੀ.ਐਚ.ਡੀ. ਕੀਤੀ। ਇਸ ਵੇਲੇ ਉਹ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਵਜੋ ਸੇਵਾਵਾ ਨਿਭਾ ਰਹੇ ਹਨ। ਪੰਜਾਬੀ ਸਾਹਿਤ ਸਮਾਲੋਚਨਾ 'ਚ ਉਨ੍ਹਾ ਦੀਆ ਚਾਰ ਪੁਸਤਕਾ ਜ਼ਿਕਰਯੋਗ ਹਨ। ਮੱਧਕਾਲੀਨ ਕਾਵਿ ਅਵਲੋਕਨ, ਗੁਰਮਤਿ ਸਾਹਿਤ ਦਰਸ਼ਨ, 'ਪੰਜਾਬੀ ਲੋਕਧਾਰਾ ਸਿਧਾਂਤ ਤੇ ਵਿਹਾਰ ਅਤੇ ਪੰਜਾਬੀਅਤ ਦਾ ਮੁਦਈ ਡਾ. ਐਮ. ਐਸ.ਰੰਧਾਵਾ। ਉਨ੍ਹਾ ਇਕ ਸਫ਼ਲ ਸੰਪਾਦਕ ਵਜੋਂ ਆਪ ਨੇ 'ਮੇਰਾ' ਜੀਵਨ ਅਨੁਭਵ, ਅੱਖਰ ਗਿਆਨ, ਜੀਵਨ ਵਿਹਾਰ ਅਤੇ ਕਹਾਣੀ ਸੰਸਾਰ ਪੁਸਤਕਾ ਸੰਪਾਦਿਤ ਕੀਤੀਆ। ਆਪ ਦੇ 70 ਦੇ ਲਗਭਗ ਖੋਜ ਨਿਬੰਧ ਵੀ ਛਪੇ ਹੋਏ ਹਨ। ਜਿਸ ਸਦਕਾ ਪੰਜਾਬੀ ਦੀਆ ਪੰਜਾਬ ਤੇ ਕੈਨੇਡਾ ਦੀਆ ਸਹਿਤ ਸਭਾਵਾ ਵਲੋਂ ਵੱਖ-ਵੱਖ ਸਮੇ ਅਤੇ ਪੰਜਾਬ ਸਰਕਾਰ ਵਲੋਂ 15 ਅਗਸਤ 2023 ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਤਹਿਤ ਹੁਣ ਡਾ.ਗੁਰਪ੍ਰੀਤ ਕੌਰ ਨੂੰ ਪੁਆਧੀ ਪੰਜਾਬੀ ਸੱਥ ਵੱਲੋਂ ਸ. ਮਨਮੋਹਨ ਸਿੰਘ ਦਾਊ ਦੀ ਅਗਵਾਈ 'ਚ ਹੋਏ ਸਾਲਾਨਾ 21ਵੇ ਸਮਾਗਮ ਦੌਰਾਨ ਸਰਦਾਰਨੀ ਰਵਿੰਦਰ ਕੌਰ ਪਲੋਠਾ ਪੁਰਸਕਾਰ 2024 ਨਾਲ ਸਨਮਾਨਿਤ ਕੀਤਾ ਗਿਆ ਹੈ।

Scanned with ACE Scanner

## ਸਨਮਾਨ ਤੇ ਵਿਸ਼ੇਸ਼

# ਸਫਲ ਸਮੀਖਿਅਕ ਤੇ ਪੁਆਧ ਦੀ ਸੋਭਾ ਵੱਜੋਂ ਡਾ. ਗੁਰਪ੍ਰੀਤ ਕੌਰ ਬਜੀਦਪੁਰ



**ਨਿਊ ਚੰਡੀਗੜ੍ਹ**

ਪੁਆਧੀ ਪੰਜਾਬੀ ਸੱਥ ਮੋਹਾਲੀ ਵੱਲੋਂ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਹਾਇਕ ਪ੍ਰੋਫੈਸਰ ਡਾਕਟਰ ਗੁਰਪ੍ਰੀਤ ਕੌਰ ਨੂੰ ਉਨ੍ਹਾਂ ਦੀਆਂ ਅਕਾਦਮਿਕ, ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ ਸਦਕਾ ਵਿਸੇਸ ਤੌਰ ਉੱਤੇ ਸਨਮਾਨਿਤ ਕੀਤਾ ਗਿਆ। ਵਰਨਣਯੋਗ ਹੈ ਕਿ ਡਾ. ਗੁਰਪ੍ਰੀਤ ਕੌਰ ਮੋਹਾਲੀ ਜਿਲੇ ਅਧੀਨ ਕੰਢੀ ਖੇਤਰ ਦੇ ਪੁਆਧ ਇਲਾਕੇ 'ਚ ਪੈਂਦੇ ਪਿੰਡ ਬਜੀਦਪੁਰ ਦੀ ਜੰਮਪਲ ਜੋ ਕਿ ਵਿਆਹ ਤੋਂ ਬਾਅਦ ਰੋਪੜ ਵਿਖੇ ਰਹਿ ਰਹੇ ਹਨ। ਉਨ੍ਹਾਂ ਮੁੱਢਲੀ ਸਿੱਖਿਆ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 'ਪੰਜਾਬੀ ਕਲੀ ਦਾ ਲੋਕਧਾਰਿਕ ਅਧਿਐਨ ' ਵਿਸੇ ਤੇ ਪੀ ਐਚ ਡੀ ਕੀਤੀ। ਕੰਪਿਊਟਰ ਦਾ ਡਿਪਲੋਮਾ ਕੀਤਾ। ਇਸ ਵੇਲੇ ਓਹ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੰਜਾਬੀ ਵਿਭਾਗ ਦੇ ਮੁੱਖੀ ਵੱਜੋਂ ਸੇਵਾਵਾਂ ਨਿਭਾ ਰਹੇ ਹਨ। ਪੰਜਾਬੀ ਸਾਹਿਤ ਸਮਾਲੋਚਨਾ 'ਚ ਉਨ੍ਹਾਂ ਦੀਆਂ ਚਾਰ ਪੁਸਤਕਾਂ ਜਿਕਰਯੋਗ ਹਨ। 'ਮੱਧ ਕਾਲੀਨ ਕਾਵਿ ਅਵਿਲੋਕਨ' 'ਗੁਰਮਤਿ ਸਾਹਿਤ ਦਰਸਨ' ' ਪੰਜਾਬੀ ਲੋਕ ਧਾਰਾ ਸਿਧਾਂਤ ' ਵਿਹਾਰ ਅਤੇ ਪੰਜਾਬੀਅਤ ਦਾ ਮੁਦੱਈ ਡਾ. ਐਮ ਐਸ ਰੰਧਾਵਾ। ਉਨ੍ਹਾਂ ਇੱਕ ਸਫਲ ਸੰਪਾਦਕ ਵੱਜੋਂ ਆਪ ਨੇ 'ਮੇਰਾ ਜੀਵਨ ਅਨੁਭਵ, ਅੱਖਰ ਗਿਆਨ, ਜੀਵਨ ਵਿਹਾਰ ਅਤੇ ਕਹਾਣੀ ਸੰਸਾਰ ਪੁਸਤਕਾਂ ਸੰਪਾਦਿਤ ਕੀਤੀਆਂ। ਆਪ ਦੀਆਂ ਹੋਰ ਵੀ 70 ਖੋਜ ਨਿਬੰਧਾਂ ਛਪੀਆਂ। ਜਿਸ ਸਦਕਾ ਪੰਜਾਬੀ ਦੀਆਂ ਪੰਜਾਬ ਤੇ ਕੈਨੇਡਾ ਦੀਆਂ ਸਹਿਤ ਸਭਾਵਾਂ ਵੱਲੋਂ ਵੱਖ ਵੱਖ ਸਮੇਂ ਤੇ ਪੰਜਾਬ ਸਰਕਾਰ ਵੱਲੋਂ 15 ਅਗਸਤ ਨੂੰ ਵਿਸੇਸ ਤੌਰ ਤੇ ਸਨਮਾਨਿਤ ਕੀਤਾ। ਇਸੇ ਤਹਿਤ ਹੁਣ ਡਾ. ਗੁਰਪ੍ਰੀਤ ਕੌਰ ਨੂੰ ਪੁਆਧੀ ਪੰਜਾਬੀ ਸੱਥ ਵੱਲੋਂ ਸ. ਮਨਮੋਹਨ ਸਿੰਘ ਦਾਊਂ ਦੀ ਅਗਵਾਈ 'ਚ ਹੋਏ ਸਾਲਾਨਾ 21ਵੇਂ ਸਮਾਗਮ ਦੌਰਾਨ ਸਰਦਾਰਨੀ ਰਵਿੰਦਰ ਕੌਰ ਪਲੇਠਾ ਪੁਸਕਾਰ 2024 ਪੁਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।

**ਰਵਿੰਦਰ ਸਿੰਘ ਬਜੀਦਪੁਰ**

ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com

Scanned with ACE Scanner



ਸਮਾਗਮ ਦੌਰਾਨ ਡਾ. ਗੁਰਪ੍ਰੀਤ ਕੌਰ ਨੂੰ ਪੁਰਸਕਾਰ 2024 ਨਾਲ ਸਨਮਾਨਿਤ ਕਰਦੇ ਹੋਏ ਪ੍ਰਬੰਧਕ। ਪੰਜਾਬੀ ਜਾਗਰਣ

# ਡਾ. ਗੁਰਪ੍ਰੀਤ ਕੌਰ ਦਾ ਪੁਰਸਕਾਰ ਨਾਲ ਸਨਮਾਨ

ਸੁਰਿੰਦਰ ਸਿੰਘ ਸੋਨੀ/ ਸੁੱਖੂ • ਪੰਜਾਬੀ ਜਾਗਰਣ

- **ਪੁਆਧੀ ਪੰਜਾਬੀ ਸੱਥ ਨੇ ਅਕਾਦਮਿਕ ਗਤੀਵਿਧੀਆਂ ਲਈ ਸਨਮਾਨਿਤ**
- **ਉਨ੍ਹਾਂ ਦੇ 70 ਦੇ ਲਗਪਗ ਖੋਜ ਨਿਬੰਧ ਵੀ ਹੋਏ ਹਨ ਪ੍ਰਕਾਸ਼ਿਤ**

**ਸ੍ਰੀ ਅਨੰਦਪੁਰ ਸਾਹਿਬ** : ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਤੇ ਸਹਾਇਕ ਪ੍ਰੋਫ਼ੈਸਰ ਡਾ. ਗੁਰਪ੍ਰੀਤ ਕੌਰ ਨੂੰ ਉਨ੍ਹਾ ਦੀਆ ਅਕਾਦਮਿਕ, ਸੱਭਿਆਚਾਰਕ ਤੇ ਸਮਾਜਿਕ ਗਤੀਵਿਧੀਆ ਸਦਕਾ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਵਰਨਣਯੋਗ ਹੈ ਕਿ ਡਾ. ਗੁਰਪ੍ਰੀਤ ਕੌਰ ਮੁਹਾਲੀ ਜ਼ਿਲ੍ਹੇ 'ਚ ਪੈਂਦੇ ਪਿੰਡ ਬਜੀਦਪੁਰ ਦੀ ਜੰਮਪਲ ਹੈ, ਜੋ ਕਿ ਵਿਆਹ ਤੋਂ ਬਾਅਦ ਰੋਪੜ ਵਿਖੇ ਰਹਿ ਰਹੇ ਹਨ। ਉਨ੍ਹਾ ਮੁੱਢਲੀ ਸਿੱਖਿਆ ਤੋਂ ਬਾਅਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 'ਪੰਜਾਬੀ ਕਲੀ ਦਾ ਲੋਕਧਾਰਕ ਅਧਿਐਨ' ਵਿਸ਼ੇ 'ਤੇ ਪੀ.ਐੱਚਡੀ. ਕੀਤੀ। ਇਸ ਵੇਲੇ ਉਹ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਸੇਵਾਵਾਂ ਨਿਭਾ ਰਹੇ ਹਨ। ਪੰਜਾਬੀ ਸਾਹਿਤ ਸਮਾਲੋਚਨਾ 'ਚ ਉਨ੍ਹਾ ਦੀਆ ਚਾਰ ਪੁਸਤਕਾ ਜ਼ਿਕਰਯੋਗ ਹਨ। ਮੱਧਕਾਲੀਨ ਕਾਵਿ ਅਵਲੋਕਨ, ਗੁਰਮਤਿ ਸਾਹਿਤ ਦਰਸ਼ਨ, 'ਪੰਜਾਬੀ ਲੋਕਧਾਰਾ ਸਿਧਾਂਤ ਤੇ ਵਿਹਾਰ ਅਤੇ ਪੰਜਾਬੀਅਤ ਦਾ ਮੁਦਈ ਡਾ. ਐੱਮ. ਐੱਸ ਰੰਧਾਵਾ। ਉਨ੍ਹਾ ਇਕ ਸਫ਼ਲ ਸੰਪਾਦਕ ਵਜੋਂ ਆਪ ਨੇ 'ਮੇਰਾ ਜੀਵਨ ਅਨੁਭਵ, ਅੱਖਰ ਗਿਆਨ, ਜੀਵਨ ਵਿਹਾਰ ਅਤੇ ਕਹਾਣੀ ਸੰਸਾਰ ਪੁਸਤਕਾ ਸੰਪਾਦਿਤ ਕੀਤੀਆ। ਆਪ ਦੇ 70 ਦੇ ਲਗਭਗ ਖੋਜ ਨਿਬੰਧ ਵੀ ਛਪੇ ਹੋਏ ਹਨ। ਜਿਸ ਸਦਕਾ ਪੰਜਾਬੀ ਦੀਆ ਪੰਜਾਬ ਤੇ ਕੈਨੇਡਾ ਦੀਆ ਸਹਿਤ ਸਭਾਵਾ ਵਲੋਂ ਵੱਖ-ਵੱਖ ਸਮੇਂ ਅਤੇ ਪੰਜਾਬ ਸਰਕਾਰ ਵਲੋਂ 15 ਅਗਸਤ 2023 ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਤਹਿਤ ਹੁਣ ਡਾ ਗੁਰਪ੍ਰੀਤ ਕੌਰ ਨੂੰ ਪੁਆਧੀ ਪੰਜਾਬੀ ਸੱਥ ਵੱਲੋਂ ਸ. ਮਨਮੋਹਨ ਸਿੰਘ ਦਾਊਂ ਦੀ ਅਗਵਾਈ 'ਚ ਹੋਏ ਸਾਲਾਨਾ 21ਵੇ ਸਮਾਗਮ ਦੌਰਾਨ ਸਰਦਾਰਨੀ ਰਵਿੰਦਰ ਕੌਰ ਪਲੇਠਾ ਪੁਰਸਕਾਰ 2024 ਨਾਲ ਸਨਮਾਨਿਤ ਕੀਤਾ ਗਿਆ ਹੈ।

Scanned with ACE Scanner

# डॉ. गुरप्रीत कौर का उनकी शैक्षणिक, सांस्कृतिक और सामाजिक गतिविधियों के लिए विशेष रूप से किया सम्मानित

**फास्ट मीडिया/कुराली**
**राजीव सिंगला/सुनील कुमार**



पुआधी पंजाबी साथ मोहाली ने पोस्ट ग्रेजुएट पंजाबी विभाग की प्रमुख और सहायक प्रोफेसर डॉ. गुरप्रीत कौर को उनकी शैक्षणिक, सांस्कृतिक और सामाजिक गतिविधियों के लिए विशेष रूप से सम्मानित किया। उल्लेखनीय है कि डॉ. गुरप्रीत कौर मोहाली जिले के अंतर्गत कंधी क्षेत्र के पुआध इलाके के गांव बाजीदपुर की मूल निवासी हैं, जो शादी के बाद रोपड़ में रह रही हैं। अपनी प्राथमिक शिक्षा के बाद उन्होंने पंजाब विश्वविद्यालय, चंडीगढ़ से 'पंजाबी काली के लोक धार्मिक अध्ययन' विषय पर पीएचडी की। कंप्यूटर में डिप्लोमा. वर्तमान में वह श्री गुरु तेग बहादुर खालसा कॉलेज श्री आनंदपुर साहिब में पंजाबी विभाग के प्रमुख के रूप में कार्यरत हैं। पंजाबी साहित्यिक आलोचना में उनकी चार पुस्तकें उल्लेखनीय हैं। 'मध कालीन कवि अविलोकन' 'गुरमति साहित्य दर्शन' 'पंजाबी लोक धारा सिद्धांत' 'व्यवहार और पंजाबियत' के डॉ. एमएस रंधावा दावेदार हैं। एक सफल संपादक के रूप में उन्होंने 'माई लाइफ एक्सपीरियंस, कैरेक्टर नॉलेज, लाइफ बिहेवियर एंड स्टोरी वर्ल्ड' पुस्तकों का संपादन किया। उनके 70 से अधिक शोध पत्र प्रकाशित हुए। जिसके चलते पंजाब और कनाडा की पंजाबी एसोसिएशनों ने उन्हें 15 अगस्त को पंजाब सरकार द्वारा अलग-अलग समय पर सम्मानित किया। तदनुसार, अब डॉ. गुरप्रीत कौर को पंजाबी साथ द्वारा आमंत्रित किया गया था। सरदारनी रविंदर कौर प्लेथा पुस्कर 2024 पुस्कर को मनमोहन सिंह दौन के नेतृत्व में 21वें वार्षिक कार्यक्रम के दौरान सम्मानित किया गया है।

Scanned with ACE Scanner

# ਪੁਆਧੀ ਪੰਜਾਬੀ ਸੱਥ ਵਲੋਂ ਸੱਤ ਸ਼ਖ਼ਸੀਅਤਾਂ ਦਾ ਸਨਮਾਨ

ਐੱਸ. ਏ. ਐੱਸ. ਨਗਰ, 26 ਨਵੰਬਰ (ਪ੍ਰੋ. ਅਵਤਾਰ ਸਿੰਘ)-ਸ਼ਿਵਾਲਿਕ ਪਬਲਿਕ ਸਕੂਲ ਫੇਜ਼-6 ਮੁਹਾਲੀ ਵਿਖੇ ਪੁਆਧੀ ਪੰਜਾਬੀ ਸੱਥ ਨੇ ਸਾਲਾਨਾ ਸਮਾਗਮ ਮਰਹੂਮ ਡੀ. ਐੱਸ. ਬੰਦੀ ਨੂੰ ਸਮਰਪਿਤ ਕੀਤਾ, ਜਿਸ 'ਚ ਮੁੱਖ-ਮਹਿਮਾਨ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਉਪ-ਕੁਲਪਤੀ ਡਾ. ਜੈਰੂਪ ਸਿੰਘ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਸੇਵਾ-ਮੁਕਤ ਆਈ. ਏ. ਐੱਸ. ਜੀ. ਕੇ. ਸਿੰਘ ਧਾਲੀਵਾਲ ਨੇ ਕੀਤੀ। ਜਲੰਧਰ ਤੋਂ ਸੱਥਾਂ ਦੇ ਸੰਚਾਲਕ ਡਾ. ਨਿਰਮਲ ਸਿੰਘ ਲਾਂਬੜਾ ਉਚੇਚੇ ਤੌਰ 'ਤੇ ਹਾਜ਼ਰ ਹੋਏ। ਡਾ. ਗੁਰਕਿਰਨਜੀਤ ਕੌਰ ਨਲਵਾ ਅਤੇ ਬੀਬਾ ਅਨੂਪਕਿਰਨ ਕੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਈਆਂ। ਸਮਾਗਮ ਦਾ ਆਰੰਭ ਸ਼ਬਦ ਗਾਇਨ ਨਾਲ ਕੀਤਾ ਗਿਆ। ਸੁਆਗਤੀ ਸ਼ਬਦ ਬੋਲਦਿਆਂ ਸੱਥ ਦੇ ਮੁਖੀ ਉੱਘੇ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਨੇ ਭਾਵ-ਪੂਰਤ ਢੰਗ ਨਾਲ ਸੱਥ ਦੇ ਕਾਰਜਾਂ ਅਤੇ ਸਮਾਗਮ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਮੁਖਤਿਆਰ ਸਿੰਘ ਐਸੋਸੀਏਟ ਪ੍ਰੋਫੈਸਰ ਸਰਕਾਰੀ ਸਿੱਖਿਆ ਕਾਲਜ ਚੰਡੀਗੜ੍ਹ ਨੂੰ ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ, ਡਾ. ਗੁਰਪ੍ਰੀਤ ਕੌਰ ਮੁਖੀ ਪੰਜਾਬੀ ਵਿਭਾਗ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਨੂੰ ਸਰਦਾਰਨੀ ਰਵਿੰਦਰ ਕੌਰ ਪੁਰਸਕਾਰ, ਢਾਡੀ ਗੁਰਦੇਵ ਸਿੰਘ ਕੋਨਾ ਨੂੰ ਢਾਡੀ ਪ੍ਰੀਤਮ ਸਿੰਘ ਕਲੌੜ ਪੁਰਸਕਾਰ, ਕਲਾਕਾਰ ਰੈਮੀ ਘੜਾਮਾਂ ਨੂੰ ਮਾਸਟਰ ਰਘਬੀਰ ਸਿੰਘ ਬੈਦਵਾਨ ਪੁਰਸਕਾਰ, ਸ਼ਾਇਰ ਹਰਵਿੰਦਰ ਸਿੰਘ ਨੂੰ ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ, ਖੋਜੀ ਜਸਵੰਤ ਸਿੰਘ ਨੂੰ ਜਥੇਦਾਰ ਅੰਗਰੇਜ਼ ਸਿੰਘ ਪੁਰਸਕਾਰ ਅਤੇ ਅਖਾੜਾ ਗਾਇਕ ਭਗਤ ਤਰਲੋਚਨ ਸਿੰਘ ਨੂੰ ਬਾਬਾ ਪ੍ਰਤਾਪ ਸਿੰਘ ਸਿਹਾਣਾ ਯਾਦਗਾਰੀ ਭਗਤ ਆਸਾ ਰਾਮ ਪੁਰਸਕਾਰ ਨਾਲ ਸਨਮਾਨਿਆ ਗਿਆ। ਪੁਰਸਕਾਰਾਂ 'ਚ 51 ਸੌ ਰੁਪਏ, ਲੋਈ, ਸਨਮਾਨ ਚਿੰਨ੍ਹ, ਪ੍ਰਸੰਸਾ ਪੱਤਰ ਤੇ ਪੁਸਤਕਾਂ ਭੇਟ ਕੀਤੀਆਂ ਗਈਆਂ। ਸ਼ੋਭਾ ਪੱਤਰ ਡਾ. ਸਿਮਰਜੀਤ ਕੌਰ, ਕਮਲਪ੍ਰੀਤ ਕੌਰ, ਜਸਪਾਲ ਸਿੰਘ ਕੰਵਲ, ਜਗਦੀਪ ਸਿੰਘ ਬੈਦਵਾਨ, ਸਤਵਿੰਦਰ ਸਿੰਘ ਮੜੌਲਵੀ, ਕਰਮਜੀਤ ਸਕਰੁੱਲਾਂਪੁਰੀ ਤੇ ਡਾ. ਜਸਪਾਲ ਜੱਸੀ ਨੇ ਪੇਸ਼ ਕੀਤੇ। ਸੱਥ ਨੂੰ ਵਿਸ਼ੇਸ਼ ਸਹਿਯੋਗ ਦੇਣ ਲਈ ਐਡਵੋਕੇਟ ਸਤਵੰਤ ਸਿੰਘ ਰੰਗੀ, ਡਾ. ਸਿਮਰਜੀਤ ਕੌਰ, ਸਤਵਿੰਦਰ ਮੜੌਲਵੀ, ਕਮਲਪ੍ਰੀਤ ਕੌਰ, ਕਰਮਜੀਤ ਸਕਰੁੱਲਾਂਪੁਰੀ ਤੇ ਜਗਤਾਰ ਜੋਗ ਨੂੰ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤੇ। ਮੰਚ ਸੰਚਾਲਨ ਪ੍ਰਿੰ. ਗੁਰਮੀਤ ਸਿੰਘ ਖਰੜ ਨੇ ਕੀਤਾ। ਸਮਾਗਮ 'ਚ ਪੰਜਾਬ ਭਰ ਤੋਂ ਲੇਖਕਾਂ, ਕਲਾਕਾਰਾਂ, ਗਾਇਕਾਂ, ਆਲੋਚਕਾਂ, ਵਿਦਵਾਨਾਂ, ਅਧਿਕਾਰੀਆਂ, ਸਮਾਜ-ਸੇਵੀਆਂ, ਪ੍ਰੋਫੈਸਰਾਂ ਤੇ ਪੰਜਾਬੀ ਪ੍ਰੇਮੀਆਂ ਨੇ ਵੱਡੀ ਗਿਣਤੀ 'ਚ ਹਾਜ਼ਰੀ ਭਰੀ।



ਪੁਆਧੀ ਪੰਜਾਬੀ ਸੱਥ ਮੁਹਾਲੀ ਵਲੋਂ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਤੇ ਸਹਾਇਕ ਪ੍ਰੋ. ਡਾ. ਗੁਰਪ੍ਰੀਤ ਕੌਰ, ਡਾ. ਮੁਖਤਿਆਰ ਸਿੰਘ, ਗੁਰਦੇਵ ਸਿੰਘ ਕੋਨਾ ਤੇ ਹੋਰ ਸਨਮਾਨਿਤ ਹੋਣ ਉਪਰੰਤ ਪ੍ਰਬੰਧਕਾਂ ਨਾਲ। ਅਜੀਤ ਤਸਵੀਰ

Scanned with ACE Scanner

# ਸਫ਼ਲ ਸਮੀਖਿਅਕ ਤੇ ਪੁਆਧ ਦੀ ਸੋਭਾ ਵੱਜੋਂ ਡਾ. ਗੁਰਪ੍ਰੀਤ ਕੌਰ ਬਜੀਦਪੁਰ

**ਕੁਰਾਲੀ, 26 ਨਵੰਬਰ**
**(ਰਾਜੀਵ ਸਿੰਗਲਾ, ਪਰਮਜੀਤ ਸਿੰਘ)**

ਪੁਆਧੀ ਪੰਜਾਬੀ ਸੱਥ ਮੋਹਾਲੀ ਵੱਲੋਂ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਹਾਇਕ ਪ੍ਰੋਫੈਸਰ ਡਾਕਟਰ ਗੁਰਪ੍ਰੀਤ ਕੌਰ ਨੂੰ ਉਨ੍ਹਾਂ ਦੀਆਂ ਅਕਾਦਮਿਕ, ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ ਸਦਕਾ ਵਿਸ਼ੇਸ਼ ਤੌਰ ਉੱਤੇ ਸਨਮਾਨਿਤ ਕੀਤਾ ਗਿਆ। ਵਰਨਣਯੋਗ ਹੈ ਕਿ ਡਾ. ਗੁਰਪ੍ਰੀਤ ਕੌਰ ਮੋਹਾਲੀ ਜਿਲੇ ਅਧੀਨ ਕੰਢੀ ਖੇਤਰ ਦੇ ਪੁਆਧ ਇਲਾਕੇ 'ਚ ਪੈਂਦੇ ਪਿੰਡ ਬਜੀਦਪੁਰ ਦੀ ਜੰਮਪਲ ਜੋ ਕਿ ਵਿਆਹ ਤੋਂ ਬਾਅਦ ਰੋਪੜ ਵਿਖੇ ਰਹਿ ਰਹੇ ਹਨ। ਉਨ੍ਹਾਂ ਮੁੱਢਲੀ ਸਿੱਖਿਆ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਕਲੀ ਦਾ ਲੋਕਧਾਰਿਕ ਅਧਿਐਨ ' ਵਿਸ਼ੇ ਤੇ ਪੀ ਐਚ ਡੀ ਕੀਤੀ। ਕੰਪਿਊਟਰ ਦਾ ਡਿਪਲੋਮਾ ਕੀਤਾ। ਇਸ ਵੇਲੇ ਓਹ ਸ੍ਰੀ



ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੰਜਾਬੀ ਵਿਭਾਗ ਦੇ ਮੁੱਖੀ ਵੱਜੋਂ ਸੇਵਾਵਾਂ ਨਿਭਾ ਰਹੇ ਹਨ। ਪੰਜਾਬੀ ਸਾਹਿਤ ਸਮਾਲੋਚਨਾ 'ਚ ਉਨ੍ਹਾਂ ਦੀਆਂ ਚਾਰ ਪੁਸਤਕਾਂ ਜ਼ਿਕਰਯੋਗ ਹਨ। ਮੱਧ ਕਾਲੀਨ ਕਾਵਿ ਅਵਿਲੋਕਨ' 'ਗੁਰਮਤਿ ਸਾਹਿਤ ਦਰਸ਼ਨ' ' ਪੰਜਾਬੀ ਲੋਕ ਧਾਰਾ ਸਿਧਾਂਤ ' ਵਿਹਾਰ ਅਤੇ ਪੰਜਾਬੀਅਤ ਦਾ ਮੁਦੱਈ ਡਾ. ਐਮ ਐਸ ਰੰਧਾਵਾ। ਉਨ੍ਹਾਂ ਇੱਕ ਸਫ਼ਲ ਸੰਪਾਦਕ ਵੱਜੋਂ ਆਪ ਨੇ ਮੇਰਾ ਜੀਵਨ ਅਨੁਭਵ, ਅੱਖਰ ਗਿਆਨ, ਜੀਵਨ ਵਿਹਾਰ ਅਤੇ ਕਹਾਣੀ ਸੰਸਾਰ ਪੁਸਤਕਾਂ ਸੰਪਾਦਿਤ ਕੀਤੀਆਂ। ਆਪ ਦੀਆਂ ਹੋਰ ਵੀ 70 ਖੋਜ ਨਿਬੰਧਾਂ ਛਪੀਆਂ। ਜਿਸ ਸਦਕਾ ਪੰਜਾਬੀ ਦੀਆਂ ਪੰਜਾਬ ਤੇ ਕੈਨੇਡਾ ਦੀਆਂ ਸਹਿਤ ਸਭਾਵਾਂ ਵੱਲੋਂ ਵੱਖ ਵੱਖ ਸਮੇਂ ਤੇ ਪੰਜਾਬ ਸਰਕਾਰ ਵੱਲੋਂ 15 ਅਗਸਤ ਨੂੰ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ। ਇਸੇ ਤਹਿਤ ਹੁਣ ਡਾ. ਗੁਰਪ੍ਰੀਤ ਕੌਰ ਨੂੰ ਪੁਆਧੀ ਪੰਜਾਬੀ ਸੱਥ ਵੱਲੋਂ ਸ. ਮਨਮੋਹਨ ਸਿੰਘ ਦਾਊਂ ਦੀ ਅਗਵਾਈ 'ਚ ਹੋਏ ਸਾਲਾਨਾ 21ਵੇਂ ਸਮਾਗਮ ਦੌਰਾਨ ਸਰਦਾਰਨੀ ਰਵਿੰਦਰ ਕੌਰ ਪਲੇਠਾ ਪੁਸਕਾਰ 2024 ਪੁਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।

Scanned with ACE Scanner